# BUDHA DAL PUBLIC SCHOOL PATIALA

## First Term Examination (9 September 2024)

**Class - X**

**Paper - Punjabi (Set - A)**

**Time: 3 hrs.** **MM: 80**

ਆਮ ਨਿਰਦੇਸ਼:

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚੋਂ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।
2. ਬਹੁ-ਵਿਕਲਪੀ ਪ੍ਰਸ਼ਨਾਂ ਦਾ ਉੱਤਰ ਲਿਖਦੇ ਹੋਏ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।
3. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਦਰਜ਼ ਕੀਤਾ ਜਾਵੇ।

### ਭਾਗ-ੳ (ਪੜ੍ਹਨ-ਕੌਸ਼ਲ)

1) ਹੇਠ ਲਿਖੇ ਵਾਰਤਕ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: (6×1=6)

ਮੇਲੇ ਵਿੱਚ ਦੁਕਾਨਾਂ ਲਾਉਣ ਲਈ ਮਹੀਨਾ ਪਹਿਲਾਂ ਥਾਵਾਂ ਮੱਲ ਲਈਆਂ ਜਾਂਦੀਆਂ ਹਨ। ਅਸਮਾਨ ਛੂੰਹਦੇ ਚੰਡੋਲ ਕਈ ਦਿਨ ਪਹਿਲਾਂ ਮੇਲੇ ਦਾ ਸ਼ਿੰਗਾਰ ਬਣ ਜਾਂਦੇ ਹਨ। ਮੇਲੇ ਦੇ ਦਿਨਾਂ ਵਿੱਚ ਇਨੀ ਭੀੜ ਹੁੰਦੀ ਹੈ ਕਿ ਮੋਟਰ-ਗੱਡੀਆਂ ਦਾ ਸੜਕ ਤੋਂ ਗੁਜ਼ਰਨਾ ਮੁਹਾਲ ਹੋ ਜਾਂਦਾ ਹੈ। ਮੁਨਿਆਰੀ ਅਤੇ ਹੋਰ ਨਿੱਕ-ਸੁਕ ਦੀਆਂ ਦੁਕਾਨਾਂ 'ਤੇ ਔਰਤਾਂ ਅਤੇ ਮੁਟਿਆਰਾਂ ਦੀ ਭੀੜ ਹੁੰਦੀ ਹੈ। ਗੱਭਰੂ ਟੋਲੀਆਂ ਬਣਾ ਕੇ ਘੁੰਮਦੇ ਆਮ ਦਿਖਾਈ ਦਿੰਦੇ ਹਨ। ਜੇਕਰ ਡੇਢ ਕੁ ਦਹਾਕਾ ਪਹਿਲਾਂ ਇਲਾਕੇ ਦੀ ਸ੍ਵੈ-ਸੇਵੀ ਜਥੇਬੰਦੀ "ਬੀਤ ਭਲਾਈ ਕਮੇਟੀ" ਮੇਲੇ ਵਿੱਚ ਤਿੰਨ-ਰੋਜ਼ਾ ਖੇਡ ਅਤੇ ਸੱਭਿਆਚਾਰਿਕ ਮੇਲਾ ਸ਼ੁਰੂ ਨਾ ਕਰਵਾਉਂਦੀ ਤਾਂ ਇਹ ਮੇਲਾ ਮਹਿਜ਼ ਜੂਏ ਅਤੇ ਲੱਚਰਤਾ ਦਾ ਮੇਲਾ ਹੀ ਬਣ ਕੇ ਰਹਿ ਜਾਣਾ ਸੀ। ਅਜਿਹਾ ਹੋਣ ਨਾਲ ਮੇਲੇ ਦੀਆਂ ਰੌਣਕਾਂ ਬਰਕਰਾਰ ਹੀ ਨਹੀਂ ਰਹੀਆਂ ਸਗੋਂ ਦੂਣ-ਸਵਾਈਆਂ ਹੋਈਆਂ ਹਨ। ਜਿੱਥੇ ਇਹ ਮੇਲਾ ਆਪਸੀ ਰਿਸ਼ਤਿਆਂ ਵਿੱਚ ਨਿੱਘ ਵਧਾਉਂਦਾ ਹੈ ਉੱਥੇ ਬੀਤ ਇਲਾਕੇ ਦੇ ਸੱਭਿਆਚਾਰ ਦੀ ਜਿਊਂਦੀ-ਜਾਗਦੀ ਤਸਵੀਰ ਵੀ ਹੈ।

1. ਅਸਮਾਨ ਨੂੰ ਛੂੰਹਦੇ ਚੰਡੋਲ ਕਿੰਨੇ ਦਿਨ ਪਹਿਲਾਂ ਮੇਲੇ ਦਾ ਸ਼ਿੰਗਾਰ ਬਣ ਜਾਂਦੇ ਹਨ ?

   (ੳ) ਕਈ ਦਿਨ (ਅ) ਦਸ ਦਿਨ (ੲ) ਤਿੰਨ ਦਿਨ (ਸ) ਪੰਜ ਦਿਨ

2. ਮੁਨਿਆਰੀ ਦੀਆਂ ਦੁਕਾਨਾਂ 'ਤੇ ਕਿਨ੍ਹਾਂ ਦੀ ਭੀੜ ਹੁੰਦੀ ਹੈ ?

   (ੳ) ਬੱਚਿਆਂ ਦੀ
   (ਅ) ਔਰਤਾਂ ਅਤੇ ਮੁਟਿਆਰਾਂ ਦੀ
   (ੲ) ਮੁਟਿਆਰਾਂ ਅਤੇ ਗੱਭਰੂਆਂ ਦੀ
   (ਸ) ਬੱਚੀਆਂ ਦੀ

3. ਮੇਲੇ ਵਿੱਚ ਕੌਣ ਟੋਲੀਆਂ ਬਣਾ ਕੇ ਘੁੰਮਦੇ ਦਿਖਾਈ ਦਿੰਦੇ ਹਨ ?

   (ੳ) ਬੱਚੇ (ਅ) ਬਜ਼ੁਰਗ
   (ੲ) ਗੱਭਰੂ (ਸ) ਮੁੰਡੇ

4. ਇਲਾਕੇ ਦੀ ਸ੍ਵੈ-ਸੇਵੀ ਜਥੇਬੰਦੀ ਨੂੰ ਕੀ ਕਹਿੰਦੇ ਹਨ ?

   (ੳ) ਬੀਤ ਭਲਾਈ ਕਮੇਟੀ
   (ਅ) ਹਿਮਾਚਲ ਭਲਾਈ ਕਮੇਟੀ
   (ੲ) ਪਹਾੜੀ ਭਲਾਈ ਕਮੇਟੀ
   (ਸ) ਵਿਕਾਸ ਕਮੇਟੀ

5. ਤਿੰਨ-ਰੋਜ਼ਾ ਖੇਡ ਅਤੇ ਸੱਭਿਆਚਾਰਿਕ ਮੇਲਾ ਕਿੰਨਾ ਸਮਾਂ ਪਹਿਲਾਂ ਸ਼ੁਰੂ ਕੀਤਾ ਗਿਆ ?

   (ੳ) ਛੇ ਮਹੀਨੇ ਪਹਿਲਾਂ
   (ਅ) ਇੱਕ ਸਾਲ ਪਹਿਲਾਂ
   (ੲ) ਇੱਕ ਦਹਾਕਾ ਪਹਿਲਾਂ
   (ਸ) ਡੇਢ ਕੁ ਦਹਾਕਾ ਪਹਿਲਾਂ

2) ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ। (1×4=4)

ਭਗਤ ਸਿੰਘ ਜਿਹੇ ਪੁੱਤਰ ਤੇਰੇ ਊਧਮ ਸਿੰਘ ਸਰਾਭੇ।
ਡੁੱਲ੍ਹੇ ਖ਼ੂਨ ਦਾ ਬਦਲਾ ਉਸਨੇ, ਤੋਲ ਲਿਆ ਵਿੱਚ ਛਾਬੇ।
ਗੋਰੀ ਅਣਖ ਨੂੰ ਰੰਡੀ ਕਰ ਗਏ, ਤੇਰੇ ਗਦਰੀ ਬਾਬੇ।
ਜੈ ਭਾਰਤ, ਜੈ ਭਾਰਤ ਮਾਤਾ, ਲਹੂਆਂ ਦੇ ਸੰਗ ਲਿਖੀ ਗਈ ਹੈ।
ਅਣਖ ਤੇਰੀ ਦੀ ਗਾਥਾ, ਜੈ ਭਾਰਤ, ਜੈ ਭਾਰਤ ਮਾਤਾ।

ੳ) ਉਪਰੋਕਤ ਕਾਵਿ-ਸਤਰਾਂ ਵਿੱਚ ਕਿੰਨੇ ਅਤੇ ਕਿਹੜੇ-ਕਿਹੜੇ ਦੇਸ਼ ਭਗਤਾਂ ਦੇ ਨਾਂ ਆਏ ਹਨ?
ਅ) ਗ਼ਦਰੀ ਬਾਬੇ ਕਿਸ ਨੂੰ ਰੰਡੀ ਕਰ ਗਏ?
ੲ) ਡੁੱਲ੍ਹੇ ਖ਼ੂਨ ਦਾ ਬਦਲਾ ਕਿਸ ਨੇ ਲਿਆ ਸੀ?
ਸ) ਭਾਰਤ ਮਾਤਾ ਦੀ ਅਣਖ ਦੀ ਕਹਾਣੀ ਕਿਸ ਨਾਲ ਲਿਖੀ ਗਈ ਹੈ?

## ਭਾਗ - ਅ (ਵਿਆਕਰਨ)

**3) ਸਮਾਸੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਵਿਰੋਧਾਰਥਕ ਸ਼ਬਦਾਂ ਦੇ ਸੁਮੇਲ ਨਾਲ ਬਣਿਆ ਹੈ:
1) ਖ਼ੁਸ਼-ਖ਼ਬਰੀ 2) ਸੱਚ-ਝੂਠ 3) ਵਿਆਹ-ਸ਼ਾਦੀ 4) ਨੌਕਰ-ਚਾਕਰ

ਅ) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਸਾਰਥਕ ਤੇ ਨਿਰਾਰਥਕ ਸ਼ਬਦਾਂ ਦੇ ਸੁਮੇਲ ਨਾਲ ਬਣਿਆ ਹੈ:
1) ਦੁੱਧ-ਘਿਓ 2) ਚੰਨ-ਤਾਰੇ 3) ਭੀੜ-ਭੜੱਕਾ 4) ਰੰਗ-ਬਰੰਗਾ

ੲ) ਹੇਠ ਲਿਖੇ ਵਿਕਲਪ ਚੁਣ ਕੇ ਸਮਾਸੀ ਸ਼ਬਦ ਬਣਾਓ: ਮੀਂਹ - ?
1) ਹਨੇਰੀ 2) ਝੱਖੜ 3) ਬਰਸਾਤ 4) ਵਰ੍ਹਣਾ

**4) ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਕਿਹੜਾ ਸ਼ਬਦ 'ਖੱਟੀ' ਸ਼ਬਦ ਦਾ ਬਹੁ-ਅਰਥਕ ਸ਼ਬਦ ਨਹੀਂ ਹੈ?
1) ਇੱਕ ਰੰਗ 2) ਖ਼ਰਾਬ 3) ਕਮਾਈ 4) ਇੱਕ ਸੁਆਦ

ਅ) ਉਸਨੂੰ ਬਿਮਾਰੀ ਤੋਂ ਅਜੇ ਮੋੜ ਪਿਆ ਹੀ ਸੀ ਕਿ ਉਹ ਦਵਾਈਆਂ ਮੋੜ ਆਇਆ ਅਤੇ ਮੋੜ 'ਤੇ ਪਹੁੰਚ ਕੇ ਬੈਠ ਗਿਆ।
ਇਸ ਵਾਕ ਵਿੱਚ ਪਹਿਲੇ ਮੋੜ ਤੋਂ ਕੀ ਭਾਵ ਹੈ?
1) ਵਾਪਸ 2) ਨੁੱਕਰ 3) ਤੰਦਰੁਸਤ 4) ਚਿੱਬ

ੲ) 'ਕੋਟ' ਸ਼ਬਦ ਦੇ ਬਹੁ-ਅਰਥਕ ਸ਼ਬਦ ਚੁਣੋ:
1) ਇਰਾਦਾ, ਰੇਟ, ਦਰ 2) ਗੁਰੂ, ਉਸਤਾਦ, ਚੇਲਾ
3) ਕਰੋੜ, ਕਿਲ੍ਹਾ, ਪਹਿਨਣ ਦਾ ਕੱਪੜਾ 4) ਟਿੱਕੀ, ਗੋਲ, ਟੋਟਾ

**5) ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਹੇਠ ਲਿਖੇ ਸ਼ਬਦ ਸਮੂਹ ਵਿੱਚੋਂ ਗਿਣਤੀ-ਵਾਚਕ ਕਿਰਿਆ ਵਿਸ਼ੇਸ਼ਣ ਚੁਣੋ:
1) ਕਈ-ਵਾਰ, ਕਦੇ-ਕਦਾਈ, ਦੁਬਾਰਾ 2) ਠੀਕ, ਬਿਲਕੁਲ ਨਹੀਂ, ਕੋਲ
3) ਅੱਜ, ਹੁਣੇ, ਕੱਲ੍ਹ 4) ਰਤਾ ਕੁ, ਕੁਝ, ਵੱਧ

ਅ) "ਇਹ ........ ਹੋ ਸਕਦਾ" ਵਾਕ ਵਿਚਲੇ ਖ਼ਾਲੀ ਸਥਾਨ ਨੂੰ ਭਰਨ ਲਈ ਨਿਰਣਾ-ਵਾਚਕ ਕਿਰਿਆ ਵਿਸ਼ੇਸ਼ਣ ਚੁਣੋ:
1) ਕਿਵੇਂ 2) ਤੇਜ਼ 3) ਹੌਲੀ 4) ਨਹੀਂ

ੲ) ਹੇਠ ਲਿਖੇ ਵਾਕ ਵਿੱਚੋਂ ਕਿਰਿਆ ਵਿਸ਼ੇਸ਼ਣ ਚੁਣੋ:
'ਬੱਚਾ ਅੰਦਰ ਸੁੱਤਾ ਹੈ।'
1) ਬੱਚਾ 2) ਅੰਦਰ 3) ਹੈ 4) ਸੁੱਤਾ

**6) ਅਗੇਤਰ-ਪਿਛੇਤਰ (ਪੁੱਛੇ ਗਏ ਅਨੁਸਾਰ ਹੱਲ ਕਰੋ):** (1+1=2)

**ੳ)** ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਅਗੇਤਰ ਨੂੰ ਵਰਤ ਕੇ ਦੋ - ਦੋ ਸ਼ਬਦ ਬਣਾਓ:

ਹਮ, ਸਰਬ

**ਅ)** ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਪਿਛੇਤਰ ਨੂੰ ਵਰਤ ਕੇ ਦੋ - ਦੋ ਸ਼ਬਦ ਬਣਾਓ:

ਮੰਦ, ਦਾਇਕ

**7) ਮੁਹਾਵਰੇ : ਹੇਠ ਲਿਖਿਆਂ ਵਿੱਚੋਂ ਕਿਸੇ ਚਾਰ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ:** (4×1=4)

ਕਿਸਮਤ ਦਾ ਧਨੀ ਹੋਣਾ, ਖ਼ਿਆਲੀ ਪੁਲਾਓ ਪਕਾਉਣੇ, ਗਲ ਪਿਆ ਢੋਲ ਵਜਾਉਣਾ, ਘੋੜੇ ਵੇਚ ਕੇ ਸੌਣਾ, ਖਰੀਆਂ-ਖਰੀਆਂ ਸੁਣਾਉਣੀਆਂ, ਗੋਂਦਾਂ ਗੁੰਦਣਾ

**ਭਾਗ-ੲ (ਪ੍ਰਭਾਵਸ਼ਾਲੀ ਲਿਖਣ ਕੌਸ਼ਲ)**

**9) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ 'ਇੱਕ' ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਅਧਾਰ ਤੇ 200 ਸ਼ਬਦਾਂ ਦਾ ਲੇਖ ਲਿਖੋ:** (8)

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।**

ਨੁਕਤੇ -

ਜਾਣ-ਪਛਾਣ, ਪਿਛੋਕੜ, ਗੁਰੂਆਂ ਦਾ ਯੋਗਦਾਨ, ਜਗਤ-ਜਨਨੀ, ਸ਼ਕਤੀ ਦਾ ਮੁਜੱਸਮਾ, ਸਿੱਟਾ।

**ਜਾਂ**

**ਮੋਬਾਇਲ ਦੇ ਲਾਭ ਅਤੇ ਹਾਨੀਆਂ**

ਨੁਕਤੇ -

ਭੂਮਿਕਾ, ਸੰਚਾਰ ਦਾ ਬਹੁਤ ਵਧੀਆ ਤੇ ਸਸਤਾ ਸਾਧਨ, ਵਪਾਰ ਦਾ ਵਧੀਆ ਸਾਧਨ, ਦਿਲ ਪ੍ਰਚਾਵੇ ਦਾ ਸਾਧਨ, ਪੁਲਿਸ ਨੂੰ ਲਾਭ, ਨੁਕਸਾਨ : ਸਮਾਜ ਵਿਰੋਧੀ ਅਨਸਰਾਂ ਦੁਆਰਾ ਵਾਰਦਾਤਾਂ, ਅਸ਼ਲੀਲਤਾ ਦਾ ਪਸਾਰ, ਦੁਰਘਟਨਾਵਾਂ ਵਿੱਚ ਵਾਧਾ, ਸਿਹਤ ਦਾ ਨੁਕਸਾਨ, ਆਰਥਕ ਨੁਕਸਾਨ, ਵਾਤਾਵਰਨ ਵਿੱਚ ਖਲਲ, ਸਾਰੰਸ਼।

**ਜਾਂ**

**ਨਸ਼ਾ ਇਕ ਲਾਹਨਤ**

ਨੁਕਤੇ -

ਜਾਣ-ਪਛਾਣ, ਨਸ਼ਿਆਂ ਦੇ ਕਾਰਨ, ਬਾਹਰਲੇ ਪ੍ਰਭਾਵ, ਬੇਰੁਜ਼ਗਾਰੀ, ਘਰੇਲੂ ਪਰੇਸ਼ਾਨੀਆਂ, ਹੋਸਟਲਾਂ ਦਾ ਵਾਤਾਵਰਨ, ਸਫ਼ਲਤਾ ਪ੍ਰਾਪਤ ਕਰਨ ਦੀ ਪ੍ਰਬਲ ਇੱਛਾ, ਸੁਝਾਅ, ਉਪਰਾਲਾ, ਸਿੱਟਾ।

**9) ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ਇੱਕ ਪੱਤਰ ਲਿਖੋ।** (1×6=6)

ਸਕੂਲ ਦੇ ਪ੍ਰਿੰਸੀਪਲ ਨੂੰ ਬਿਨੈ-ਪੱਤਰ ਲਿਖ ਕੇ ਕਮਰਿਆਂ ਦੇ ਖ਼ਰਾਬ ਪੱਖਿਆਂ ਨੂੰ ਠੀਕ ਕਰਾਉਣ ਲਈ ਬੇਨਤੀ ਕਰੋ। ਨੁਕਤੇ: ਦਸਵੀਂ ਦੇ ਮਨੀਟਰ ਵੱਲੋਂ ਬੇਨਤੀ ਕਰਨਾ, ਚਾਰ ਕਮਰਿਆਂ ਦੇ ਪੱਖੇ ਖ਼ਰਾਬ ਹੋਣੇ, ਗਰਮੀ ਵਿੱਚ ਬੁਰਾ ਹਾਲ ਹੋਣਾ, ਛੇਤੀ ਤੋਂ ਛੇਤੀ ਮਸਲਾ ਹੱਲ ਕਰਨ ਦੀ ਆਸ ਰੱਖਣਾ।

**ਜਾਂ**

ਤੁਹਾਡੀ ਛੋਟੀ ਭੈਣ ਬਜ਼ਾਰੀ ਖਾਣੇ ਬਹੁਤ ਖਾਣ ਲੱਗ ਪਈ ਹੈ। ਇਸ ਚਿੱਠੀ ਰਾਹੀਂ ਉਸ ਨੂੰ ਬਜ਼ਾਰੀ ਖਾਣੇ ਦੇ ਨੁਕਸਾਨ ਦੱਸਦੇ ਹੋਏ ਘਰ ਦੇ ਖਾਣੇ ਖਾਣ ਦੀ ਪ੍ਰੇਰਨਾ ਦਿਓ।

ਨੁਕਤੇ: ਮਾਤਾ ਜੀ ਵੱਲੋਂ ਚਿੱਠੀ ਰਾਹੀਂ ਦੱਸਣਾ, ਛੋਟੀ ਭੈਣ ਦੀ ਬਜ਼ਾਰੀ ਖਾਣੇ ਵੱਲ ਰੁਚਿਤ ਹੋਣਾ, ਚਿੰਤਾ ਦਾ ਵਿਸ਼ਾ, ਨੁਕਸਾਨ ਦੱਸਣੇ, ਸਿਹਤ, ਹਾਜ਼ਮਾ ਆਦਿ ਦਾ ਖ਼ਰਾਬ ਹੋਣਾ, ਘਰ ਦਾ ਖਾਣਾ ਪੌਸ਼ਟਿਕ ਤੇ ਤਾਜ਼ਾ ਹੁੰਦਾ, ਸਿਹਤ ਲਈ ਲਾਹੇਵੰਦ।

10) ਹੇਠ ਲਿਖੇ ਚਿੱਤਰ ਨੂੰ ਦੇਖ ਕੇ ਉਸਦਾ ਵਰਨਣ 50 ਤੋਂ 60 ਸ਼ਬਦਾਂ ਵਿੱਚ ਲਿਖੋ। (4)



## ਭਾਗ-ਸ (ਪਾਠ ਪੁਸਤਕਾਂ ਤੇ ਅਧਾਰਤ)

**11) ਕਹਾਣੀ ਅਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ):(5×1=5)**

ੳ) ਮਹਾਰਾਜਾ ਰਣਜੀਤ ਸਿੰਘ ਨੇ ਕਿਸ ਦੇ ਕਹਿਣ 'ਤੇ ਧਾੜਵੀ ਕੈਦੀ ਨੂੰ ਕੈਦ ਤੋਂ ਛੁਟਕਾਰਾ ਦਿੱਤਾ?

1) ਜਵਾਹਰ ਸਿੰਘ ਦੇ 2) ਲਾਲ ਸਿੰਘ ਦੇ 3) ਵਜ਼ੀਰ ਧਿਆਨ ਸਿੰਘ ਦੇ 4) ਸ਼ਾਮ ਸਿੰਘ ਦੇ

ਅ) ਕਿਸ ਦੌਲਤ ਬਿਨਾਂ ਸ਼ਬਦ ਨਕਾਰੇ ਹੁੰਦੇ ਹਨ?

1) ਗੁਣਾਂ ਦੀ ਦੌਲਤ ਬਿਨਾਂ 2) ਜ਼ਿੰਦਗੀ ਦੀ ਦੌਲਤ ਬਿਨਾਂ
3) ਗਿਆਨ ਦੀ ਦੌਲਤ ਬਿਨਾਂ 4) ਸੰਪਤੀ ਦੀ ਦੌਲਤ ਬਿਨਾਂ

ੲ) 'ਕਥੱਕੜ' ਸ਼ਬਦ ਦਾ ਕੀ ਅਰਥ ਹੈ?

1) ਕਥਾ ਕਰਨ ਵਾਲਾ 2) ਥੱਕ ਜਾਣ ਵਾਲਾ 3) ਕੜ-ਕੜ ਕਰਨ ਵਾਲਾ 4) ਖੜਾ ਰਹਿਣ ਵਾਲਾ

ਸ) ਛੁੱਟੀ ਕੱਟ ਕੇ ਜਾਣ ਤੋਂ ਕਿੰਨੇ ਮਹੀਨੇ ਬਾਅਦ ਕਰਤਾਰ ਸਿੰਘ ਦੇ ਪਿਉ ਦੀ ਮੌਤ ਹੋ ਗਈ ਸੀ?

1) ਦੋ ਮਹੀਨੇ ਬਾਅਦ 2) ਤੀਜੇ-ਚੌਥੇ ਮਹੀਨੇ ਬਾਅਦ 3) ਪੰਜਵੇਂ ਮਹੀਨੇ ਬਾਅਦ 4) ਦਸ ਮਹੀਨੇ ਬਾਅਦ

ਹ) ਕਹਾਣੀਕਾਰ ਅਨੁਸਾਰ ਉਸਦੀ ਤਨਖ਼ਾਹ ਮਹੀਨੇ ਦੇ ਪਹਿਲੇ ਕਿੰਨੇ ਦਿਨਾਂ ਵਿੱਚ ਉਡ-ਪੁੱਡ ਜਾਂਦੀ ਹੈ?

1) ਦਸ ਦਿਨਾਂ ਵਿੱਚ 2) ਦਸ-ਬਾਰਾਂ ਦਿਨਾਂ ਵਿੱਚ 3) ਪੰਦਰਾਂ ਦਿਨਾਂ ਵਿੱਚ 4) ਵੀਹ ਦਿਨਾਂ ਵਿੱਚ

ਕ) 'ਕਾਕਾ' ਕੁਲਫ਼ੀ ਵੱਲ ਕਿਨ੍ਹਾਂ ਵਾਂਗ ਖਲੋਤਾ ਵੇਖ ਰਿਹਾ ਸੀ?

1) ਫ਼ੌਜੀਆਂ ਵਾਂਗ 2) ਸਿਪਾਹੀਆਂ ਵਾਂਗ 3) ਚੋਰਾਂ ਵਾਂਗ 4) ਬਾਜ਼ਾਂ ਵਾਂਗ

**12) ਕਵਿਤਾ ਅਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ):(5×1=5)**

ੳ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮੇ ਦੇ ਅੰਤ 'ਤੇ ਔਰੰਗਜ਼ੇਬ ਨੂੰ ਕਿੱਥੇ ਮਿਲਣ ਦਾ ਪੈਗ਼ਾਮ ਘੱਲਿਆ ਸੀ?

1) ਆਨੰਦਪੁਰ ਸਾਹਿਬ ਵਿਖੇ 2) ਮੁਕਤਸਰ ਸਾਹਿਬ ਵਿਖੇ
3) ਮਾਲਵੇ ਦੇ ਕਾਂਗੜ ਨਗਰ ਵਿਖੇ 4) ਖਿਦਰਾਣੇ ਦੀ ਢਾਬ 'ਤੇ

ਅ) ਮੁਗ਼ਲ ਤਖ਼ਤੋ ਤਾਜ ਲਈ ਕਿਸ ਵਿੱਚ ਖ਼ਾਨਾਜੰਗੀ ਸ਼ੁਰੂ ਸੀ?

1) ਔਰੰਗਜ਼ੇਬ ਦੇ ਅਹਿਲਕਾਰਾਂ ਵਿੱਚ 2) ਔਰੰਗਜ਼ੇਬ ਦੇ ਬੇਟਿਆਂ ਵਿੱਚ
3) ਔਰੰਗਜ਼ੇਬ ਦੀ ਫ਼ੌਜ ਵਿੱਚ 4) ਔਰੰਗਜ਼ੇਬ ਦੇ ਵਜ਼ੀਰਾਂ ਵਿੱਚ

ੲ) ਔਰੰਗਜ਼ੇਬ ਦੇ ਆਪਣੇ ਕਹਿਣ ਅਨੁਸਾਰ ਉਸ ਹੱਥੋਂ ਕਿਸ ਨਾਲ ਸਖ਼ਤ ਧੋਖਾ ਹੋਇਆ ਸੀ?

1) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ 2) ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ
3) ਫੌਜਦਾਰ ਸੈਦ ਖ਼ਾ ਨਾਲ 4) ਕਾਮ ਬਖ਼ਸ਼ ਨਾਲ

ਸ) 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਰਚਨਾ ਵਿੱਚ ਆਏ ਸ਼ਬਦ 'ਬੰਧਪੁ' ਦਾ ਕੀ ਅਰਥ ਹੈ?

1) ਰਿਸ਼ਤੇਦਾਰ, ਸੰਬੰਧੀ 2) ਭੈਣ-ਭਰਾ 3) ਮਾਤਾ-ਪਿਤਾ 4) ਦੋਸਤ

ਹ) 'ਕਿਰਪਾ ਕਰਿ ਕੈ ਬਖਸਿ ਲੈਹੁ' ਸਲੋਕ ਵਿੱਚ ਗੁਰੂ ਜੀ ਪਰਮਾਤਮਾ ਅੱਗੇ ਕੀ ਕਰਦੇ ਹਨ?

1) ਸਿਜਦਾ 2) ਨਮਨ 3) ਪੂਜਾ 4) ਅਰਦਾਸ

ਕ) ਸੰਤਾਨ ਦੀ ਉਤਪਤੀ ਦਾ ਰਾਹ ਕਿਸ ਤੋਂ ਚੱਲਦਾ ਹੈ?

1) ਇਸਤਰੀ ਤੋਂ 2) ਜੀਵਾਂ ਤੋਂ 3) ਭੂਮੀ ਤੋਂ 4) ਖੂਨ ਤੋਂ

**13) ਕਹਾਣੀ ਅਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ): (4×1=4)**

ੳ) 'ਕੁਲਫ਼ੀ' ਕਹਾਣੀ ਦੇ ਕਹਾਣੀਕਾਰ ਦੇ ਨਾਂ ਦੱਸੋ।

ਅ) ਕਰਤਾਰ ਸਿੰਘ ਦੀ ਛੋਟੀ ਕੁੜੀ ਕਿਹੜੀ ਜਮਾਤ ਵਿੱਚ ਪੜ੍ਹਦੀ ਸੀ?

ੲ) ਆਕੀ ਹੋਏ ਇੱਕ ਵੱਡੇ ਸਰਦਾਰ ਨੂੰ (ਜੋ ਪਹਿਲਾਂ ਧਾੜਵੀ ਸੀ) ਨੂੰ ਕਿਸ ਕਿਲ੍ਹੇ ਵਿੱਚ ਕੈਦ ਕੀਤਾ ਗਿਆ?

ਸ) ਅੱਜ-ਕੱਲ੍ਹ ਬਹੁਤ ਸਾਰੀ ਦੁਰਾਚਾਰੀ ਦਾ ਕਰਨ ਕਿਹੜੀ ਵਸੋਂ ਦਾ ਘਾਟਾ ਹੈ?

ਹ) ਬੋਲੀ ਦੇ ਸਿੱਕੇ ਅਤੇ ਨੋਟ ਕਿਹੜੇ ਹਨ?

**14) ਕਹਾਣੀ ਵਾਰਤਕ ਅਤੇ ਇਕਾਂਗੀ ਵਿੱਚੋਂ (7×2=14)**

**(ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ):**

ੳ) ਔਰੰਗਜ਼ੇਬ ਦੇ ਪੁੱਛਣ 'ਤੇ ਅਸਦ ਖ਼ਾਨ ਵਜ਼ੀਰ ਖ਼ਾਨ ਨੂੰ ਸਜ਼ਾ ਦੇਣ ਬਾਰੇ ਕੀ ਕਹਿੰਦਾ ਹੈ?

ਅ) 'ਜ਼ਫ਼ਰਨਾਮੇ' ਦਾ ਔਰੰਗਜ਼ੇਬ 'ਤੇ ਕੀ ਅਸਰ ਹੋਇਆ?

ੲ) ਬਚਪਨ ਵਿੱਚ ਅਮਰੀਕ ਕਿਹੋ ਜਿਹੇ ਬਾਪ ਦੀ ਕਲਪਨਾ ਕਰਦਾ ਹੈ ਅਤੇ ਕਿਉਂ?

ਸ) ਕੁਲਫ਼ੀ ਵਾਲੇ ਦਾ ਹੋਕਾ ਸੁਣ ਕੇ ਲੇਖਕ ਕੀ ਸੋਚਣ ਲੱਗਾ?

ਹ) ਕਰਤਾਰ ਸਿੰਘ ਆਪਣੀ ਭੈਣ ਦੀਆਂ ਕੁੜੀਆਂ ਦੇ ਵਿਆਹ ਦੀ ਚਿੱਠੀ ਆਉਣ ਤੇ ਕਿਉਂ ਖਿੱਝਿਆ-ਖਿੱਝਿਆ ਰਹਿੰਦਾ ਸੀ?

ਕ) ਸਿੱਖ ਧਰਮ ਵਿੱਚ ਅਰਦਾਸ ਦੀ ਕੀ ਮਹੱਤਤਾ ਹੈ?

ਖ) ਵੱਡਿਆਂ ਨੂੰ ਬੱਚਿਆਂ ਦੀ ਬੋਲੀ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ, ਕਿਉਂ?

ਗ) ਮੁਹੰਮਦ ਸਾਹਿਬ ਦੀ ਜ਼ਿੰਦਗੀ ਵਿੱਚ ਬੀਵੀ ਖ਼ਦੀਜਾ ਕਿਵੇਂ ਵਿਚਰਦੀ ਸੀ? ਆਪਣੇ ਸ਼ਬਦਾਂ ਵਿੱਚ ਲਿਖੋ।

**15) ਕਵਿਤਾ ਅਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ) (2×4=8)**

ੳ) 'ਕਿਰਪਾ ਕਰਿ ਕੈ ਬਖਸਿ ਲੈਹੁ' ਸ਼ਬਦ ਵਿੱਚ ਪਰਮਾਤਮਾ ਅੱਗੇ ਸਾਡੀ ਕੀ ਅਰਦਾਸ ਹੈ?

**ਜਾਂ**

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਨਾਲ ਕਿਹੜੇ ਰਿਸ਼ਤੇ ਸਥਾਪਿਤ ਕਰਕੇ ਸਤਿਕਾਰ ਪ੍ਰਗਟ ਕੀਤਾ ਹੈ?

ਅ) ਮਹਾਨ ਵਿਅਕਤੀਆਂ ਦੇ ਚਰਿੱਤਰ ਵਿੱਚ ਘਰ ਦੇ ਪਿਆਰ ਦਾ ਕੀ ਮਹੱਤਵ ਹੁੰਦਾ ਹੈ?

**ਜਾਂ**

'ਬੋਲੀ ਮਨੁੱਖ ਦੀ ਆਤਮਾ ਦਾ ਚਿੱਤਰ ਹੈ।' ਇਸ ਕਥਨ ਤੋਂ ਲੇਖਕ ਦਾ ਕੀ ਭਾਵ ਹੈ? 50-60 ਸ਼ਬਦਾਂ ਵਿੱਚ ਉੱਤਰ ਦਿਓ।

**16) ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ) (1×4=4)**

ੳ) 'ਜ਼ੀਨਤ-ਉਨ-ਨਿਸਾ' ਦੀ ਪਾਤਰ ਉਸਾਰੀ ਕਰੋ।

**ਜਾਂ**

'ਜ਼ਫ਼ਰਨਾਮਾ' ਨਾਂ ਦੇ ਖ਼ਤ ਨੂੰ ਪੜ੍ਹ ਕੇ ਔਰੰਗਜ਼ੇਬ 'ਤੇ ਕੀ ਪ੍ਰਭਾਵ ਪਿਆ।